ਪੁਸਤਕ ਆਪ-ਬੀਤੀਆਂ

8 . ਸ੍ਵੈਜੀਵਨੀ- ਅੰਸ਼ ਮੈਂ ਤੇ ਮੇਰੇ ਦਾਰ ਜੀ

ੳ ਵਸਤੂਨਿਸ਼ਠ ਪ੍ਰਸ਼ਨ ਉੱਤਰ

1. ਪ੍ਰਸ਼ਨ: ਆਪ-ਬੀਤੀਆਂ ਪੁਸਤਕ ਵਿੱਚ ਦਰਜ 'ਮੈਂ ਤੇ ਮੇਰੇ ਦਾਰ ਜੀ 'ਸ੍ਵੈ-ਜੀਵਨੀ ਅੰਸ਼ ਦੇ ਲੇਖਕ ਦਾ ਨਾਂ ਦੱਸੋ।

ਉੱਤਰ: ਅੰਮ੍ਰਿਤਾ ਪ੍ਰੀਤਮ।

2.ਪ੍ਰਸ਼ਨ:ਅੰਮ੍ਰਿਤਾ ਪ੍ਰੀਤਮ ਦੀ ਪਹਿਲੀ ਕਿਤਾਬ ਕਦੋਂ ਛਪੀ ਸੀ?

ਉੱਤਰ: 1936 ਈ:ਵਿੱਚ।

ਪ੍ਰਸ਼ਨ: ਲੇਖਕਾ ਨੂੰ 200 ਰੁਪਏ ਇਨਾਮ ਕਿਸਨੇ ਭੇਜਿਆ ਸੀ?

ਉੱਤਰ: ਮਹਾਰਾਜਾ ਕਪੂਰਥਲਾ ਨੇ।

ਪ੍ਰਸ਼ਨ: ਅੰਮ੍ਰਿਤਾ ਪ੍ਰੀਤਮ ਨੂੰ ਮਹਾਰਾਣੀ ਨਾਭਾ ਨੇ ਤਾਰੀਫ਼ ਵਜੋਂ-----------

ਉੱਤਰ: ਸਾੜ੍ਹੀ ਭੇਜੀ ਸੀ ।

5.ਪ੍ਰਸ਼ਨ: ਪ੍ਰੀਤਮ ਕੌਰ ਅੰਮ੍ਰਿਤਾ ਪ੍ਰੀਤਮ ਦੀ------

ਉੱਤਰ: ਮਾਂ ਦੀ ਸਹੇਲੀ ਸੀ।

6.ਪ੍ਰਸ਼ਨ: ਅੰਮ੍ਰਿਤਾ ਪ੍ਰੀਤਮ ਦਾ ਵਿਆਹ 1936 ਈ:ਵਿੱਚ ਹੋਇਆ।(ਸਹੀ/ਗ਼ਲਤ)

ਉੱਤਰ: ਸਹੀ।

7. ਪ੍ਰਸ਼ਨ: ਅੰਮ੍ਰਿਤਾ ਪ੍ਰੀਤਮ ਦੇ ਸਹੁਰਿਆਂ ਨੇ ਦਾਜ ਵਿੱਚ ਕਾਰ ਮੰਗੀ ਸੀ।(ਸਹੀ/ ਗ਼ਲਤ)

ਉੱਤਰ: ਗ਼ਲਤ।

ਖ਼ਾਲੀ ਸਥਾਨ ਭਰੋ :-

8.ਮੇਰੇ ਪਿਤਾ ਜੀ ਦੀ ਥਾਂ ਮੇਰਾ ਆਪਣਾ ਮੱਥਾ <u>ਨਿਗਾਹਬਾਨ</u> ਬਣ ਗਿਆ ।

9. ਸਿੱਖ ਇਤਿਹਾਸ ਲੋਕਾਂ ਤੱਕ ਪਹੁੰਚਾਉਣ ਲਈ ਲੇਖਕਾ ਦੇ ਪਿਤਾ ਜੀ ਨੇ <u>ਸਲਾਈਡ</u> ਬਣਵਾਏ ।

ਭਾਗ ਅ ਦੱਸੋ

1. ਪ੍ਰਸ਼ਨ:ਅੰਮ੍ਰਿਤਾ ਪ੍ਰੀਤਮ ਦੇ ਪਿਤਾ ਦੇ ਮੱਥੇ ਉੱਤੇ ਤਿਉੜੀ ਕਿਉਂ ਪੈ ਗਈ ਸੀ

ਉੱਤਰ : 1936 ਵਿੱਚ ਜਦੋਂ ਅੰਮ੍ਰਿਤਾ ਪ੍ਰੀਤਮ ਦੀ ਪਹਿਲੀ ਕਿਤਾਬ ਛਪੀ ਤਾਂ ਮਹਾਰਾਜਾ ਕਪੂਰਥਲਾ ਨੇ ਡਾਕ ਰਾਹੀਂ ਦੋ ਸੌ ਰੁਪਏ ਤੇ ਮਹਾਰਾਣੀ ਨਾਭਾ ਨੇ ਸਾੜੀ ਇਨਾਮ ਵਜੋਂ ਭੇਜੀ ।ਇੱਕ ਦਿਨ ਫਿਰ ਜਦੋਂ ਡਾਕੀਆ ਆਇਆ ਤਾਂ ਲੇਖਕਾ ਨੇ ਸੋਚਿਆ –'ਅੱਜ ਫੇਰ ਕੋਈ ਇਨਾਮ ਆਇਆ ਏ '। ਇਹ ਦੇਖ ਕੇ ਅੰਮ੍ਰਿਤਾ ਪ੍ਰੀਤਮ ਦੇ ਪਿਤਾ ਦੇ ਮੱਥੇ ਉੱਤੇ ਤਿਉੜੀ ਪੈ ਗਈ ।ਇਹ ਸ਼ਾਇਦ ਇਸ ਲਈ ਸੀ ਕਿ ਉਨ੍ਹਾਂ ਨੇ ਆਪਣੀ ਧੀ ਦਾ ਲੋਕਾਂ ਤੋਂ ਇਨਾਮ ਪ੍ਰਾਪਤ ਕਰਨ ਦੀ ਇੱਛਾ ਨੂੰ ਪਸੰਦ ਨਹੀਂ ਸੀ ਕੀਤਾ।ਪਿਤਾ ਦੇ ਮੱਥੇ ਦੀ ਇਹ ਤਿਉੜੀ ਲੇਖਕਾ ਨੂੰ ਦੁਨੀਆਂ ਤੋਂ ਕੋਈ ਵੀ ਇਨਾਮ ਪ੍ਰਾਪਤ ਕਰਨ ਦੀ ਇੱਛਾ ਤੋਂ ਮੁਕਤ ਕਰ ਗਈ ।

2. ਪ੍ਰਸ਼ਨ : ਆਪਣੇ ਵਿਆਹ ਵਾਲੀ ਰਾਤ ਨੂੰ ਲੇਖਕਾ ਉਦਾਸ ਕਿਉਂ ਸੀ ?

ਉੱਤਰ :ਆਪਣੇ ਵਿਆਹ ਵਾਲੀ ਰਾਤ ਨੂੰ ਲੇਖਕਾ ਇਸ ਲਈ ਉਦਾਸ ਸੀ ,ਕਿਉਂਕਿ ਜਦ ਉਸ ਦੀ ਬਰਾਤ ਆ ਗਈ ਤਾਂ ਰਾਤ ਨੂੰ ਉਸ ਦੇ ਪਿਤਾ ਜੀ ਨੂੰ ਸਹੁਰਿਆਂ ਵੱਲੋਂ ਸੁਨੇਹਾ ਮਿਲਿਆ ਕਿ ਜੇ ਕੋਈ ਰਿਸ਼ਤੇਦਾਰ ਪੁੱਛੇ ਤਾਂ ਕਹਿ ਦੇਣਾ ਕਿ ਤੁਸਾਂ ਐਨੇ ਹਜ਼ਾਰ ਰੁਪਿਆ ਦਾਜ ਵਿੱਚ ਦਿੱਤਾ ਹੈ। ਲੇਖਕਾਂ ਦੇ ਪਿਤਾ ਜੀ ਨੇ ਇਸ ਨੂੰ ਰੁਪਏ ਦੇਣ ਦਾ ਇੱਕ ਇਸ਼ਾਰਾ ਸਮਝਿਆ ਤੇ ਉਹ ਘਬਰਾ ਗਏ ।ਕਿਉਂਕਿ ਉਨ੍ਹਾਂ ਕੋਲ ਐਨਾ ਨਕਦ ਰੁਪਇਆ ਉਸ ਸਮੇਂ ਨਹੀਂ ਸੀ । ਇਸ ਕਰਕੇ ਲੇਖਕਾ ਉਸ ਰਾਤ ਉਦਾਸ ਸੀ ਤੇ ਉਹ ਮਰਨ ਬਾਰੇ ਵੀ ਸੋਚ ਰਹੀ ਸੀ ।

3. ਪ੍ਰਸ਼ਨ : ਪ੍ਰੀਤਮ ਕੌਰ ਨੇ ਲੇਖਕਾ ਦੇ ਪਿਤਾ ਅੱਗੇ ਆਪਣੀਆਂ ਚੂੜੀਆਂ ਲਾਹ ਕੇ ਕਿਉਂ ਰੱਖ ਦਿੱਤੀਆਂ ਸਨ ?

ਉੱਤਰ : ਪ੍ਰੀਤਮ ਕੌਰ ਲੇਖਕਾ ਦੀ ਮਰ ਚੁੱਕੀ ਮਾਂ ਦੀ ਸਹੇਲੀ ਸੀ। ਜਦੋਂ ਵਿਆਹ ਵਾਲੀ ਰਾਤ ਲੇਖਕਾ ਦੇ ਪਿਤਾ ਨੂੰ ਉਸ ਦੇ ਸਹੁਰਿਆਂ ਵੱਲੋਂ ਸੁਨੇਹਾ ਮਿਲਿਆ ਕਿ ਉਹ ਰਿਸ਼ਤੇਦਾਰ ਨੂੰ ਕਹਿ ਦੇਣ ਕਿ ਉਨ੍ਹਾਂ ਨੇ ਕੁਝ ਹਜ਼ਾਰ ਰੁਪਿਆ ਦਾਜ ਵਿੱਚ ਦਿੱਤਾ ਹੈ ਤਾਂ ਲੇਖਕਾ ਦੇ ਪਿਤਾ ਜੀ ਘਬਰਾ ਗਏ ,ਕਿਉਂਕਿ ਉਨ੍ਹਾਂ ਕੋਲ ਉਸ ਸਮੇਂ ਏਨਾ ਨਕਦ ਰੁਪਿਆ ਨਹੀਂ ਸੀ ।ਪਿਤਾ ਜੀ ਦੀ ਇਸ ਘਬਰਾਹਟ ਨੂੰ ਉਨ੍ਹਾਂ ਦੀ ਮਾਂ ਦੀ ਸਹੇਲੀ ਨੇ ਸਮਝ ਲਿਆ ਤੇ ਆਪਣੀਆਂ ਸੋਨੇ ਦੀਆਂ ਚੂੜੀਆਂ ਲਾਹ ਕੇ ਪਿਤਾ ਜੀ ਅੱਗੇ ਰੱਖ ਦਿੱਤੀਆਂ ਤਾਂ ਜੋ ਉਹ ਉਸ ਸਮੇਂ ਆਪਣੀ ਜ਼ਰੂਰਤ ਨੂੰ ਪੂਰਾ ਕਰ ਸਕਣ ।

4. ਪ੍ਰਸ਼ਨ :ਬਾਉਲੀ ਸਾਹਿਬ ਗੁਰਦੁਆਰੇ ਵਿੱਚ ਲੇਖਕਾ ਤੋਂ ਅਰਦਾਸ ਕਰਵਾਉਣ ਤੋਂ ਪਹਿਲਾਂ ਲੇਖਕਾ ਦੇ ਪਿਤਾ ਜੀ ਨੇ ਕੀ ਤਾਕੀਦ ਕੀਤੀ ?

ਉੱਤਰ :ਬਾਉਲੀ ਸਾਹਿਬ ਗੁਰਦੁਆਰੇ ਵਿੱਚ ਲੇਖਕਾਂ ਤੋਂ ਅਰਦਾਸ ਕਰਵਾਉਣ ਤੋਂ ਪਹਿਲਾਂ ਲੇਖਕਾ ਦੇ ਪਿਤਾ ਨੇ ਤਾਕੀਦ ਕੀਤੀ ਕਿ ਹੱਥ ਜੋੜ ਕੇ ਤੇ ਅੱਖਾਂ ਮੀਟ ਕੇ ਹਜ਼ੂਰੀ ਵਿੱਚ ਖਲੋ ਜਾਣਾ ਹੈ ।ਜਿਸ ਨਾਲ ਆਲੇ ਦੁਆਲੇ ਦੇ ਲੋਕਾਂ ਵੱਲ ਧਿਆਨ ਨਹੀਂ ਜਾਵੇਗਾ । ਸਾਰਾ ਧਿਆਨ ਅਰਦਾਸ ਵਿੱਚ ਲਗਾ ਕੇ ਮੂੰਹ ਧਿਆਨ ਹੋ ਕੇ ਬੋਲਣਾ ਹੈ ਇਸ ਤਰ੍ਹਾਂ ਕਰਨ ਨਾਲ ਕੋਈ ਵੀ ਅੱਖਰ ਭੁੱਲੇਗਾ ਨਹੀਂ ।

5. ਪ੍ਰਸ਼ਨ :ਲੇਖਕਾ ਦੇ ਪਿਤਾ ਜੀ ਦੁਆਰਾ ਸਿੱਖ ਇਤਿਹਾਸ ਬਾਰੇ ਸਲਾਈਡਜ਼ ਵਿਖਾਉਣ ਦੀ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ?

ਪੱਤ : ਲੇਖਕਾ ਦੇ ਪਿਤਾ ਜੀ ਜਦੋਂ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਦੀ ਗੱਲ ਕਰਦੇ ਤਾਂ ਉਨ੍ਹਾਂ ਦੀ ਆਵਾਜ਼ ਭਰ ਆਉਂਦੀ ।ਉਨ੍ਹਾਂ ਨੇ ਸਿੱਖ ਇਤਿਹਾਸ ਦੀਆਂ ਵਾਰਦਾਤਾਂ ਦੇ ਕਈ ਸਲਾਈਡਜ਼ ਬਣਵਾਏ ।ਜਿਸ ਵਿਚ ਉਨ੍ਹਾਂ ਨੇ ਆਪਣੀ ਹੈਸੀਅਤ ਤੋਂ ਵੱਧ ਖਰਚ ਕੀਤਾ ।ਉਨ੍ਹਾਂ ਨੇ ਸਲਾਈਡਜ਼ ਵਿਖਾਉਣ ਵਾਲੀ ਮਸ਼ੀਨ ਖਰੀਦੀ ।ਜਿਸ ਦੇ ਸਾਹਮਣੇ ਕਿਸੇ ਵੱਡੀ ਕੰਧ ਉੱਤੇ ਸਕਰੀਨ ਲਾ ਕੇ ਉਨ੍ਹਾਂ ਨੂੰ ਦਿਖਾਉਣਾ ਹੁੰਦਾ ਸੀ। ਉਹ ਖਾਮੋਸ਼ ਫਿਲਮਾਂ ਦਾ ਜ਼ਮਾਨਾ ਸੀ ।ਜਦੋਂ ਉਹ ਸਲਾਈਡ ਦੀ ਤਸਵੀਰ ਸਕਰੀਨ ਤੇ ਵਿਖਾਉਂਦੇ ਤਾਂ ਖ਼ੁਦ ਬੋਲ ਕੇ ਇਤਿਹਾਸ ਦੀ ਵਾਰਦਾਤ ਸੁਣਾਉਂਦੇ ।ਉਸ ਸਾਰੇ ਸਿੱਖ ਇਤਿਹਾਸ ਨੂੰ ਲੋਕਾਂ ਤੱਕ ਪੁਚਾਉਣ ਲਈ ਕਿਸੇ ਗੁਰਦੁਆਰੇ ਦੀ ਦੀਵਾਰ ਦੀ ਲੋੜ ਹੁੰਦੀ। ਇੱਕ ਵਾਰ ਮੁਜੰਗ ਜਾਂ ਕਿਸੇ ਹੋਰ ਗੁਰਦੁਆਰੇ ਵਿੱਚ ਉਨ੍ਹਾਂ ਨੇ ਲੋਕਾਂ ਨੂੰ ਇਹ ਇਤਿਹਾਸ ਸੁਣਾਉਣਾ ਸੀ ਇਸ ਲਈ ਉਹ ਕਾਲੇ ਟਰੰਕ ਵਿੱਚ ਸਾਰਾ ਸਾਮਾਨ ਲੈ ਕੇ ਗਏ ਤੇ ਲੇਖਕਾ ਨੂੰ ਵੀ ਨਾਲ ਲੈ ਗਏ ।

ਗੁਰਦਵਾਰੇ ਦੀ ਬਾਹਰਲੀ ਕੰਧ ਉੱਤੇ ਸਕਰੀਨ ਲਗਾਈ ਗਈ ।ਸਾਹਮਣੇ ਦਰੀਆਂ ਵਿਛਾ ਕੇ ਬੈਠੇ ਲੋਕ ਦੇਖ ਰਹੇ ਸਨ ।ਦਾਰ ਜੀ ਦੀ ਆਵਾਜ਼ ਇਤਿਹਾਸ ਦੇ ਦਰਦ ਨੂੰ ਬਿਆਨ ਕਰ ਰਹੀ ਸੀ ਅਚਾਨਕ ਪਿੱਛੇ ਬੈਠੇ ਕੁਝ ਲੋਕਾਂ ਨੇ ਰੌਲਾ ਪਾਇਆ, 'ਬੰਦ ਕਰੋ ਇਹ ਸਿਨੇਮਾ।' ਲੋਕ ਘਬਰਾ ਗਏ । ਦਾਰ ਜੀ ਨੇ ਆਪਣੇ ਨਾਲ ਦੇ ਬੰਦੇ ਨੂੰ ਸਾਰਾ ਸਾਮਾਨ ਟਰੰਕ ਵਿਚ ਪਾ ਕੇ ਲੈ ਆਉਣ ਲਈ ਕਿਹਾ ਤੇ ਲੇਖਕਾ ਦੀ ਬਾਂਹ ਫੜ ਕੇ ਫੜ ਕੇ ਬਾਹਰ ਆ ਗਏ ।ਉਸ ਤੋਂ ਬਾਅਦ ਉਨ੍ਹਾਂ ਨੇ ਕਦੇ ਉਹ ਕਾਲਾ ਟਰੰਕ ਨਹੀਂ ਖੋਲ੍ਹਿਆ ।ਉਹ ਉਦਾਸ ਹੋਏ ਸਿਰਫ ਏਨਾ ਕਹਿ ਛੱਡਦੇ -ਮੂਰਖਾਂ ਨਾਲ ਬਹਿਸ ਨਹੀਂ ਹੋ ਸਕਦੀ..।

ਤਿਆਰ ਕਰਤਾ : ਰਾਜਵਿੰਦਰ ਕੌਰ ਪੰਜਾਬੀ ਲੈਕਚਰਾਰ

ਸਰਦਾਰ ਦਰਬਾਰਾ ਸਿੰਘ ਮੈਮੋਰੀਅਲ ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਮਲਸੀਆਂ (ਜਲੰਧਰ)

ਸਹਾਇਕ ਸਮੱਗਰੀ:ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ ਪੁਸਤਕ

ਆਪ-ਬੀਤੀਆਂ ।